# ਮਿਡਵਾਈਫ ਕੀ ਹੈ?






- ਮਿਡਵਾਈਵਜ਼ ਸਿਹਤ, ਪ੍ਰੈਗਨੈਂਸੀ ਅਤੇ ਜਨਮ ਵਿਚ ਮਾਹਰ ਲੋਕ ਹਨ।
- ਇਸ ਕਿੱਤੇ ਵਿਚ ਸ਼ਾਮਲ ਹੋਣ ਲਈ ਮਿਡਵਾਈਵਜ਼ ਨੂੰ ਚਾਰ ਸਾਲ ਦੀ ਬੈਚੁਲਰ ਡਿਗਰੀ ਦਾ ਪ੍ਰੋਗਰਾਮ ਲੈਣਾ ਪੈਂਦਾ ਹੈ।
- ਮਿਡਵਾਈਵਜ਼ ਪ੍ਰਦਾਨ ਕਰਦੀਆਂ ਹਨ ਗਰਭਵਤੀ ਔਰਤਾਂ ਅਤੇ ਉਨ੍ਹਾਂ ਦੇ ਨਵਜੰਮੇ ਬੱਚਿਆਂ ਦੀ ਸਰਕਾਰੀ ਫੰਡਾਂ ਨਾਲ ਮੁਫਤੀ ਸੰਭਾਲ।
- ਮਿਡਵਾਈਵਜ਼ ਪ੍ਰਦਾਨ ਕਰਦੀਆਂ ਹਨ ਅਗੇਤੀ ਪ੍ਰੈਗਨੈਂਸੀ ਤੋਂ ਲੈ ਕੇ ਬੱਚੇ ਦੇ ਜਨਮ ਤੋਂ ਬਾਅਦ ਛੇ ਮਹੀਨਿਆਂ ਤੱਕ ਤੁਹਾਡੀ ਅਤੇ ਤੁਹਾਡੇ ਬੇਬੀ ਦੀ ਸਿਹਤ ਅਤੇ ਸੁਰੱਖਿਆ ਵਿਚ ਮਦਦ ਕਰਨ ਲਈ ਸੰਭਾਲ।

## ਗਰਭ ਦੌਰਾਨ ਸੰਭਾਲ

ਆਮ ਅਪੌਂਇੰਟਮੈਂਟਾਂ। ਸਰੀਰਕ ਜਾਂਚ ਅਤੇ ਅਸੈੱਸਮੈਂਟਾਂ। ਅਲਟਰਾਸਾਊਂਡ। ਖੂਨ ਦੇ ਨੇਮ ਨਾਲ ਟੈੱਸਟ। ਜਜ਼ਬਾਤੀ ਮਦਦ। ਗਰਭ ਦੌਰਾਨ ਲੈਬ ਦੇ ਕੰਮ ਅਤੇ ਟੈੱਸਟਾਂ ਦਾ ਆਰਡਰ ਦੇਣਾ। ਪ੍ਰੈਗਨੈਂਸੀ ਨਾਲ ਸੰਬੰਧਿਤ ਖਾਸ ਦਵਾਈਆਂ ਲਿਖ ਕੇ ਦੇਣਾ। ਮਹੀਨੇ ਵਿਚ ਤਕਰੀਬਨ ਇਕ ਵਾਰੀ ਵਿਜ਼ਟਾਂ, ਪ੍ਰੈਗਨੈਂਸੀ ਦੇ ਸਮੇਂ ਦੇ ਵਧਣ ਨਾਲ ਵਿਜ਼ਟਾਂ ਦੀ ਗਿਣਤੀ ਵਧ ਜਾਂਦੀ ਹੈ।

## ਜਨਮ ਦੌਰਾਨ ਸੰਭਾਲ

ਜਨਮ ਦੇਣ ਦੀ ਥਾਂ ਦੀ ਚੋਣ। ਹਸਪਤਾਲ ਤੋਂ ਬਾਹਰਲੇ ਜਨਮਾਂ ਦੀਆਂ ਚੋਣਾਂ ਲਈ ਮੈਡੀਕਲ ਸਾਜ਼-ਸਾਮਾਨ ਅਤੇ ਆਰਾਮ ਦੇਣ ਅਤੇ ਦਰਦ ਤੋਂ ਆਰਾਮ ਦੀਆਂ ਚੋਣਾਂ ਨਾਲ ਲੈ ਕੇ ਆਉਂਦੀ ਹੈ। ਤੁਹਾਡੇ ਬੇਬੀ 'ਤੇ ਨੇੜਿਉਂ ਨਿਗਰਾਨੀ ਰੱਖਦੀ ਹੈ। ਐਮਰਜੰਸੀ ਸੇਵਾਵਾਂ ਤੱਕ ਪਹੁੰਚ (ਜੇ ਲੋੜ ਹੋਵੇ)। ਹੋਰ ਸਿਹਤ ਮਾਹਰਾਂ ਨਾਲ ਸਹਿਯੋਗ (ਜੇ ਲੋੜ ਹੋਵੇ)

## ਬੱਚੇ ਦੇ ਜਨਮ ਤੋਂ ਬਾਅਦ ਸੰਭਾਲ

ਤੁਹਾਡੀ ਅਤੇ ਤੁਹਾਡੇ ਨਵਜੰਮੇ ਬੱਚੇ ਦੀ ਨਿਗਰਾਨੀ ਅਤੇ ਜਾਂਚ ਕਰਦੀ ਹੈ। ਜਨਮ ਤੋਂ ਬਾਅਦ ਦੀ ਸੰਭਾਲ ਪ੍ਰਦਾਨ ਕਰਦੀ ਹੈ। ਅਗਲੇ 24 ਘੰਟਿਆਂ ਵਿਚ ਕੀ ਹੋਣਾ ਹੈ ਬਾਰੇ ਦੱਸਦੀ ਹੈ। ਅਗਲੇ ਦਿਨ ਪਹਿਲੀ ਫੌਲੋ-ਅੱਪ ਲਈ ਵਿਜ਼ਟ ਕਰਦੀ ਹੈ। ਜਨਮ ਤੋਂ ਬਾਅਦ ਛੇ ਹਫਤਿਆਂ ਤੱਕ ਸੰਭਾਲ ਕਰਨਾ ਜਾਰੀ ਰੱਖਦੀ ਹੈ। ਕਿਸੇ ਵੀ ਵੇਲੇ ਫੋਨ ਜਾਂ ਟੈਕਸਟ ਰਾਹੀਂ ਉਪਲਬਧ

## ਮਿਡਵਾਈਫਰੀ ਦਾ ਫ਼ਲਸਫ਼ਾ

ਮਿਡਵਾਈਫਰੀ ਦੀ ਪ੍ਰੈਕਟਿਸ ਇਸ ਸਿਆਣਪ 'ਤੇ ਆਧਾਰਿਤ ਹੈ ਕਿ ਪ੍ਰੈਗਨੈਂਸੀ, ਲੇਬਰ ਅਤੇ ਜਨਮ ਡੂੰਘੇ ਅਨੁਭਵ ਹਨ, ਜਿਨ੍ਹਾਂ ਦਾ ਕਿਸੇ ਵਿਅਕਤੀ, ਉਸ ਦੇ ਪਰਿਵਾਰ ਅਤੇ ਉਨ੍ਹਾਂ ਦੇ ਭਾਈਚਾਰੇ ਲਈ ਮਹੱਤਵਪੂਰਨ ਅਰਥ ਹੈ।

## ਮਿਡਵਾਈਫਰੀ ਹੈ...

- ਸਿਹਤ ਅਤੇ ਭਲਾਈ ਦੇ ਸਿਧਾਂਤਾਂ 'ਤੇ ਆਧਾਰਿਤ।
- ਰਵਾਇਤੀ ਤੌਰ 'ਤੇ ਸਮੁੱਚਾ ਖਿਆਲ ਰੱਖਣ ਵਾਲੀ।
- ਆਪਸੀ ਆਦਰ 'ਤੇ ਆਧਾਰਿਤ ਇਕ ਸਾਂਝ।
- ਜਾਣਕਾਰੀ ਲੈ ਕੇ ਚੋਣ ਕਰਨ ਲਈ ਇਕ ਸਰਗਰਮ ਉਤਸ਼ਾਹ।

ਭਾਵੇਂ ਤੁਸੀਂ ਬੱਚੇ ਨੂੰ ਜਨਮ ਦੇਣ ਦੀ ਚੋਣ ਕਿੱਥੇ ਵੀ ਕਰੋ, ਤੁਹਾਡੇ ਜਨਮ ਦੇਣ ਦੇ ਸਫਰ ਵਿਚ ਮਿਡਵਾਈਫ ਤੁਹਾਡੇ ਨਾਲ ਰਹੇਗੀ।

ਤੁਹਾਡੇ ਸਰੀਰ, ਤੁਹਾਡੇ ਵਲੋਂ ਜਨਮ ਦੇਣ,
ਤੁਹਾਡੀਆਂ ਚੋਣਾਂ ਦਾ ਸਤਿਕਾਰ ਕਰਨਾ।


1.833.502.2176
info@alberta-midwives.ca
www.alberta-midwives.ca


ALBERTA ASSOCIATION OF MIDWIVES